# ਗੁਰੂ ਨਾਨਕ-ਬਾਣੀ ਦੇ ਫਲਸਫੀ-ਸਰੋਕਾਰ

**ਡਾ. ਬਲਕਾਰ ਸਿੰਘ**

ਡਾਇਰੈਕਟਰ, ਜੀ.ਐਸ. ਟੌਹੜਾ ਅਡਵਾਂਸਡ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼, ਪਟਿਆਲਾ
✆ 98159-85559

ਗੁਰੂ ਨਾਨਕ ਦੇਵ ਜੀ ਮੂਲ ਰੂਪ ਵਿਚ ਅਧਿਆਤਮਵਾਦੀ ਹਨ ਅਤੇ ਉਨ੍ਹਾਂ ਦਾ ਫਲਸਫਾ, ਉਨ੍ਹਾਂ ਦੇ ਅਧਿਆਤਮਵਾਦ ਦਾ ਹੀ ਹਿੱਸਾ ਹੈ। ਇਹ ਠੀਕ ਹੈ ਕਿ ਕਿਸੇ ਵੀ ਅਧਿਆਤਮਵਾਦ ਦੀ ਸੁਤੰਤਰ ਸਥਾਪਨਾ ਵਾਸਤੇ ਉਸ ਦੇ ਫਲਸਫੇ ਦੀ ਸਥਾਪਨਾ ਵੀ ਜ਼ਰੂਰੀ ਹੈ। ਧਰਮਾਂ ਬਾਰੇ ਆਮ ਸਮਝ ਇਹੀ ਹੈ ਕਿ ਧਰਮ, ਅਧਿਆਤਮਵਾਦ ਵਾਸਤੇ ਮਾਧਿਅਮ ਮਾਤਰ ਹੈ ਅਤੇ ਫਲਸਫਾ, ਅਧਿਆਤਮਵਾਦ ਦਾ ਬੌਧਿਕ-ਬਖਾਨ ਹੈ। ਨਾਨਕ-ਫਲਸਫੇ ਬਾਰੇ ਡਾ. ਸ਼ੇਰ ਸਿੰਘ ਦੀ ਪੁਸਤਕ "ਸਿੱਖ ਧਰਮ ਦਰਸ਼ਨ" ਹੀ ਹੈ ਅਤੇ ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਛਾਪੀ ਹੋਈ ਹੈ। ਹੋਰ ਨਾਨਕ-ਫਲਸਫੇ ਬਾਰੇ ਪੁਸਤਕਾਂ ਵਿਚ ਹਵਾਲੇ ਜਾਂ ਇੱਕੜ ਦੁੱਕੜ ਲੇਖ ਹੀ ਪ੍ਰਾਪਤ ਹਨ। ਡਾ. ਸ਼ੇਰ ਸਿੰਘ ਨੇ ਵੀ ਪੁਸਤਕ ਦੇ ਮੁੱਢ ਵਿਚ ਧਰਮ ਅਤੇ ਦਰਸ਼ਨ ਬਾਰੇ ਗਲ ਇਹ ਕਹਿਕੇ ਹੀ ਸ਼ੁਰੂ ਕੀਤੀ ਹੋਈ ਹੈ ਕਿ ਧਰਮ, ਦਰਸ਼ਨ ਨਾਲੋਂ ਪੁਰਾਣਾ ਹੈ। ਇਸ ਨੂੰ ਵੀ ਉਸ ਨੇ ਇਕ ਹੋਰ ਵਿਦਵਾਨ ਦੇ ਹਵਾਲੇ ਨਾਲ ਪੁਸ਼ਟ ਕੀਤਾ ਹੋਇਆ ਹੈ[1]। ਭਾਈ ਕਾਹਨ ਸਿੰਘ ਨੇ ਵੀ "ਮਹਾਨ ਕੋਸ਼" ਵਿਚ ਫਲਸਫਾ, ਫਿਲਾਸਫੀ (philosophy) ਹੁੰਦਾ, ਏਨਾਂ ਹੀ ਕਿਹਾ ਹੋਇਆ ਹੈ (ਪੰਨਾ 813)। ਪ੍ਰਿੰਸੀਪਲ ਗੰਗਾ ਸਿੰਘ ਦੀ ਪੁਸਤਕ "ਲੈਕਚਰ ਮਹਾਂ ਚਾਨਣ" ਬਾਰੇ ਪਿਆਰਾ ਸਿੰਘ ਪਦਮ ਦੀ ਇਹ ਟਿਪਣੀ ਹੀ ਮਿਲਦੀ ਹੈ ਕਿ "ਪਾਠਕਾਂ ਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਮਹਾਂ ਚਾਨਣ ਭਾਗ-2 ਸਿੱਖ ਧਰਮ ਫ਼ਿਲਾਸਫ਼ੀ ਦੇ ਨਾਮ ਨਾਲ ਇਸ ਲੜੀ ਦੀ ਦੂਜੀ ਪੁਸਤਕ ਤਿਆਰ ਹੈ, ਛੇਤੀ ਹੀ ਪ੍ਰਕਾਸ਼ਤ ਕੀਤੀ ਜਾਵੇਗੀ। ਸਾਡੇ ਸਮਕਾਲ ਵਿਚ ਪ੍ਰਾਪਤ ਅੰਤ੍ਰਦ੍ਰਿਸ਼ਟੀਆਂ ਨੇ ਕੁਝ ਵੀ ਓਹਲੇ ਵਿਚ ਨਹੀਂ ਛਡਿਆ? ਮਿਸਾਲ ਦੇ ਤੌਰ ਤੇ ਥੀਓਸ ਬਰਨਾਰਡ ਦੀ ਪੁਸਤਕ "ਹਿੰਦੂ ਫਿਲਾਸਫੀ" 1958 ਦੀ ਛਪੀ ਹੋਈ ਹੈ[2]। ਇਸ ਵਿਚ ਛੇ ਦਰਸ਼ਨ ਦੇ ਆਧਾਰ ਤੇ ਹਿੰਦੂ-ਫਲਸਫੇ ਦਾ ਮੰਤਵ, ਖੇਤਰ, ਦਰਸ਼ਨ ਅਤੇ ਇਸ ਬਾਰੇ ਪ੍ਰਾਪਤ ਸਾਹਿਤ ਦੀ ਚਰਚਾ ਕੀਤੀ ਹੋਈ ਹੈ। ਜੇ ਹਿੰਦੂ ਸਪਸ਼ਟ ਸੀ ਤਾਂ ਬਦੇਸ਼ੀ ਚਿੰਤਕ ਵੀ ਸਪਸ਼ਟਤਾ ਨਾਲ ਲਿਖ ਰਿਹਾ ਹੈ। ਮੁਕਾਬਲੇ ਤੇ ਸਾਡਾ ਹਾਲ ਇਹ ਹੈ ਕਿ ਹਿਊ ਮੈਕਲੋਡ ਆਪਣੀਆਂ ਚਾਰਾਂ ਹੀ ਪੁਸਤਕਾਂ ਵਿਚ ਸਿੱਖ ਫਲਸਫੇ ਦੀ ਗੱਲ ਹੀ ਨਹੀਂ ਕਰਦਾ ਅਤੇ 'ਦਰਸ਼ਨ' ਸ਼ਬਦ ਨੂੰ ਉਸੇ ਤਰ੍ਹਾਂ ਦਰਸ਼ਨ-ਦੀਦਾਰਿਆਂ ਦੇ ਅਰਥਾਂ ਵਿਚ ਵਰਤਦਾ ਹੈ ਜਿਵੇਂ 'ਮਹਾਨ ਕੋਸ਼' ਵਿਚ ਮਿਲਦਾ ਹੈ। ਇਹੀ ਕਹਿ ਸਕਦੇ ਹਾਂ ਕਿ ਮੈਕਲੋਡ ਨੇ ਤਾਂ ਉਸੇ ਨੂੰ ਵਰਤਣਾ ਸੀ, ਜੋ ਉਸ ਦੇ ਹੱਥ ਆਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਸ਼ਤਾਬਦੀ ਦੇ ਹਵਾਲੇ ਨਾਲ ਛਾਪੀ ਹੋਈ ਅਤੇ ਗੁਰਬਚਨ ਸਿੰਘ ਤਾਲਿਬ ਵਲੋਂ ਸੰਪਾਦਿਤ "ਗੁਰੂ ਨਾਨਕ ਕਮੈਮੋਰੇਟਿਵ ਵਾਲੀਊਮ" ਵਿਚ ਵੀ ਨਾਨਕ-ਫਲਸਫੇ ਨਾਲ ਸਬੰਧਤ ਇਕ ਵੀ ਲੇਖ ਨਹੀਂ ਹੈ। ਸਿੱਖ-ਫਲਸਫੇ ਨਾਲ ਸਬੰਧਤ ਡਾ. ਜਸਬੀਰ ਸਿੰਘ ਆਹਲੂਵਾਲੀਆ ਦੀ ਪੁਸਤਕ "ਸਿੱਖ ਫਲਸਫੇ ਦੀ ਭੂਮਿਕਾ" (ਰਘਬੀਰ ਪ੍ਰਕਾਸ਼ਨ ਚੰਡੀਗੜ੍ਹ) ਪ੍ਰਾਪਤ ਹੈ ਅਤੇ ਇਸ ਨੂੰ ਇਸ ਪਾਸੇ ਮੁਢਲਾ ਯਤਨ ਸਮਝਿਆ ਜਾ ਸਕਦਾ ਹੈ।

ਇਸ ਵੇਰਵੇ ਵਿਚੋਂ ਇਹ ਸਵਾਲ ਪੈਦਾ ਹੋ ਜਾਂਦਾ ਹੈ ਕਿ ਅਜਿਹਾ ਕਿਉਂ ਵਾਪਰਿਆ? ਸੰਖੇਪ ਵਿਚ ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਸਿੱਖ-ਵਾਰਸਾਂ ਵਿਚ ਕਦੇ ਇਸ ਦੀ ਤਲਬ ਹੀ ਨਹੀਂ ਜਾਗੀ ਲਗਦੀ ਕਿ ਸਿੱਖ ਫਲਸਫੇ ਬਾਰੇ ਬਾਣੀ ਦੇ ਹਵਾਲੇ ਨਾਲ ਸਥਾਪਤੀ ਕੀਤੀ ਜਾਵੇ? ਇਸ ਦਾ ਕਾਰਣ ਸਿੱਖ ਧਰਮ ਦੀ ਇਤਿਹਾਸਕ-ਪਰਤ ਨਾਲ ਸੰਤੁਸ਼ਟ ਹੋ ਜਾਣਾ ਹੈ। ਇਸ ਦਾ ਅਸਰ ਇਥੋਂ ਤੱਕ ਹੋਇਆ ਕਿ ਸਿੱਖ ਅਕਾਦਮਿਕਤਾ ਬਾਰੇ ਲਿਖਣ ਵਾਲਿਆਂ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਵੀ ਇਤਿਹਾਸ ਲੱਭਣਾ ਸ਼ੁਰੂ ਕਰ ਦਿੱਤਾ। ਇਸ ਦੇ ਹੱਕ ਜਾਂ ਵਿਰੋਧ ਦੇ ਜਜ਼ਬਾਤੀ-ਵਹਿਣ ਤੋਂ ਵਧ ਇਸ ਲਈ ਕੁਝ ਨਹੀਂ ਹੋਇਆ, ਕਿਉਂਕਿ ਸੰਬਾਦ ਰਚਾ ਸਕਣ ਦੀ ਅਕਾਦਮਿਕ ਸਮਰਥਾ ਵਾਲੇ ਪਾਸੇ ਸਿੱਖ-ਭਾਈਚਾਰੇ ਦਾ ਕਦੇ ਧਿਆਨ ਹੀ ਨਹੀਂ ਗਿਆ? ਯੂਨੀਵਰਸਿਟੀਆਂ ਵਿਚ ਸਿੱਖ-ਅਕਾਦਮਿਕਤਾ 40 ਕੁ ਸਾਲ ਪਹਿਲਾਂ ਸ਼ੁਰੂ ਹੋਈ ਸੀ ਅਤੇ ਬਹੁਤ ਸਾਰੇ ਕਾਰਨਾਂ ਕਰਕੇ ਆਪਣੀ ਪਛਾਣ ਦੇ ਸੰਘਰਸ਼ ਵਿਚ ਹੀ ਲੱਗੀ ਹੋਈ ਹੈ। ਦੇਸ਼ੋਂ ਬਾਹਰਲੀਆਂ ਯੂਨੀਵਰਸਿਟੀਆਂ ਵਿਚਲੇ ਯਤਨਾਂ ਨੂੰ ਦੇਸ਼ ਵਿਚਲੇ ਯਤਨਾਂ ਨਾਲ ਲੋੜੀਂਦੇ ਕੋਆਰਡੀਨੇਸ਼ਨ-ਅਵਸਰ ਵੀ ਪੈਦਾ ਨਹੀਂ ਹੋ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਕੋਲੋਂ ਇਸ ਪਾਸੇ


**www.sanvad.org**
ISSN : 2395-1273

ਤਵੱਕੋ ਕਰਨ ਦੀ ਅਕਾਦਮਿਕਤਾ ਦਾ ਕੋਈ ਸੰਕੇਤ ਸਾਹਮਣੇ ਨਹੀਂ ਆਇਆ। ਇਹ ਵਖਰਾ ਵਿਸ਼ਾ ਹੈ ਅਤੇ ਇਸ ਉਤੇ ਨਿੱਠਕੇ ਵਿਚਾਰ ਹੋਣੀ ਚਾਹੀਦੀ ਹੇ ਅਤੇ ਅਜਿਹਾ ਕਰਦੇ ਵਕਤ ਇਹ ਨਹੀਂ ਭੁਲਣਾ ਚਾਹੀਦਾ ਕਿ ਸਿੱਖ-ਸਮਕਾਲ ਦੀ ਪ੍ਰਧਾਨ ਸੁਰ ਸਿਆਸਤ ਹੈ ਅਤੇ ਨਿੱਠਕੇ ਵਿਚਾਰ ਕਰਣ ਦੀ ਸਿਆਸਤ ਤੋਂ ਬਚ ਸਕਣਾ ਵੀ ਆਪਣੇ ਆਪ ਵਿਚ ਸਮੱਸਿਆ ਹੈ।

ਫਲਸਫੇ ਦੇ ਖੇਤਰ ਵਿਚ ਬਹੁਤ ਸਾਰੀਆਂ ਸਿਧਾਂਤਕ-ਪਰਤਾਂ ਨੂੰ ਧਿਆਨ ਵਿਚ ਰਖੇ ਬਿਨਾਂ ਸਿੱਖ-ਫਲਸਫੇ ਬਾਰੇ ਗੱਲ ਤੋਰਨੀ ਮੁਸ਼ਕਲ ਹੋ ਜਾਵੇਗੀ। ਮਿਸਾਲ ਦੇ ਤੌਰ ’ਤੇ ‘ਫਿਲਾਸਫਰ-ਕਿੰਗ’’ ਵਰਗਾ ਕੋਈ ਸੰਕਲਪ ਸਿੱਖੀ ਵਿਚ ਸੰਭਵ ਨਹੀਂ ਲਗਦਾ। ‘‘ਫਿਲਾਸਫਰ-ਸਟੋਨ’’ ਵਰਗਾ ਰੂਪ-ਪਰਿਵਰਤਨ-ਮਾਧਿਅਮ ਵੀ ਫਿਲਾਸਫੀ-ਵਿਧਾ ਵਜੋਂ ਸਿੱਖ-ਯਾਦ ਦਾ ਹਿੱਸਾ ਨਹੀਂ ਹੈ। ਸਾਡੇ ਕੋਲ ਸਿਆਸੀ-ਰੈਡੀਕਲਜ਼ ਤਾਂ ਹਨ ਪਰ ਫਿਲਾਸਾਫੀਕਲ-ਰੈਡੀਕਲਜ਼ ਵਰਗੀ ਕੋਈ ਪਰੰਪਰਾ ਹੀ ਨਹੀਂ ਹੈ। ਇਸ ਵਾਸਤੇ ਜੋ ਹੈ ਉਸ ਨੂੰ ਪੱਛਮੀ ਪ੍ਰਭਾਵ ਅਧੀਨ ਪੈਦਾ ਹੋਈ ਲਿਬਰਲ-ਪਹੁੰਚ ਨਾਲ ਰਲਗੱਡ ਹੋ ਜਾਣ ਤੋਂ ਬਚਾਏ ਜਾਣ ਦੀ ਵੀ ਲੋੜ ਹੈ। ਸਾਡੇ ਕੋਲ ਸਿੱਖ-ਪ੍ਰਸੰਗ ਵਿਚ ਪ੍ਰਾਪਤ ਸਿਧਾਂਤਕਾਰ ਫਿਲਾਸਫੀ-ਸੁਰ ਵੀ ਨਹੀਂ ਹਨ ਅਤੇ ਜੇ ਹਨ ਤਾਂ ਉਹ ਅਧਿਆਤਮਿਕ-ਸੁਰ ਵਿਚ ਹੀ ਵਹੀ ਜਾ ਰਹੀਆਂ ਹਨ। ਮੈਂ ਇਕ ਵਾਰ ਸਿੱਖ-ਥੀਆਲੋਜੀ ਦੀ ਨਿਸ਼ਾਨਦੇਹੀ ਕਰਨ ਦੇ ਮਨਸ਼ੇ ਨਾਲ ਸੈਮੀਨਾਰ ਵਿਉਂਤ ਲਿਆ। ਪਤਾ ਲਗਣ ਤੇ ਇਕ ਗੁਰਸਿੱਖ ਦਿੱਸਦੇ ਸੇਵਾਮੁਕਤ-ਕੰਪਾਊਂਡਰ ਨੇ ਕਿਹਾ ਕਿ ਮੈਂ ਪਰਚਾ ਪੜ੍ਹਨਾ ਹੈ। ਪਰਚਾ ਆ ਗਿਆ ਅਤੇ ਮੇਰਾ ਹੁੰਗਾਰਾ ਉਡੀਕੇ ਤੋਂ ਬਿਨਾਂ ਹੀ ਬਜ਼ੁਰਗ ਵੀ ਆ ਗਿਆ। ਮੈਂ ਦੱਸ ਦਿੱਤਾ ਕਿ ਮੂਲ-ਮੰਤ੍ਰ ਤੇ ਲਿਖਿਆ ਪਰੰਪਰਕ-ਸੁਰ ਦਾ ਪਰਚਾ ਥੀਆਲੋਜੀ ਬਾਰੇ ਹੋ ਰਹੀ ਚਰਚਾ ਵਿਚ ਸ਼ਾਮਲ ਕਰਕੇ ਨਹੀਂ ਪੜ੍ਹਾਇਆ ਜਾ ਸਕਦਾ। ਉਹ ਆਪਣੇ ਪਹਿਲਾਂ ਹੀ ਵਾਕਫ ਵਾਈਸਚਾਂਸਲਰ ਕੋਲ ਪਹੁੰਚ ਗਿਆ ਅਤੇ ਮੇਰੀ ਸੈਮੀਨਾਰ ਨੂੰ ਆਰੰਭ ਕਰਣ ਵੇਲੇ ਪੇਸ਼ੀ ਹੋ ਗਈ। ਬਜ਼ੁਰਗ ਦਾ ਸਵਾਲ ਸੀ ਕਿ ਮੂਲ-ਮੰਤ੍ਰ ਕੀ ਸਿੱਖ-ਥੀਆਲੋਜੀ ਤੋਂ ਬਾਹਰ ਹੈ। ਮੈਂ ਕਿਹਾ ਕਿ ਗਲਤ ਸਵਾਲ ਦਾ ਠੀਕ ਉਤਰ ਮੈਂ ਕਿਵੇਂ ਦੇਵਾਂ? ਵੀ.ਸੀ ਸਾਹਿਬ ਕਹਿਣ ਕਿ ਪੜ੍ਹਣ ਦੇ ਪਰਚਾ, ਕੀ ਫਰਕ ਪੈਂਦਾ ਹੈ। ਇਸ ਹਾਲਤ ਵਿਚ ਅਕਾਦਮਿਕਤਾ ਕਿਵੇਂ ਪੈਦਾ ਹੋ ਸਕਦੀ ਹੈ?

ਫਲਸਫੇ ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਜਿਵੇਂ ਕਿ Aesthetics, Ethics, Epistemology, Logic, Metaphysics, Philosophy of education, history, language, law, mind and science etc. ਪੈਦਾ ਹੋ ਗਈਆਂ ਹਨ। ਜਦੋਂ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫ਼ੀ ਦੀ ਗੱਲ ਕਰਦੇ ਹਾਂ ਤਾਂ ਉਹਨਾਂ ਦੀ ਬਾਣੀ ਵਿਚ ਨਿਹਿਤ ਸਮਗਰ-ਸੰਭਾਵਨਾਵਾਂ ਵਿਚੋਂ ਕਿਸੇ ਇਕ ਪਰਤ ਦੀ ਹੀ ਗੱਲ ਕਰ ਸਕਦੇ ਹਾਂ। ਜੇ ਇਹ ਨਿਖੇੜਾ ਨਹੀਂ ਕਰਾਂਗੇ ਤਾਂ ਸੁਲਝਾਉਣ ਨਾਲੋਂ ਵਧ ਉਲਝਾ ਪੈਦਾ ਹੋ ਜਾਣਗੇ। ਸੁਰਿੰਦਰ ਸਿੰਘ ਕੋਹਲੀ ਦੀ ਪੁਸਤਕ ‘‘ਫ਼ਿਲਾਸਫ਼ੀ ਆਫ ਗੁਰੂ ਨਾਨਕ’’ (ਪਬਲੀਕੇਸ਼ਨ ਬਿਊਰੋ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਤੋਂ ਮੇਰੀ ਇਸ ਧਾਰਨਾ ਦੀ ਪੁਸ਼ਟੀ ਹੋ ਜਾਂਦੀ ਹੈ। ਵਿਦਵਾਨ, ਭਗਤ ਅਤੇ ਆਮ ਸ਼ਰਧਾਵਾਨ, ਧਰਮ ਦੀ ਦ੍ਰਿਸ਼ਟੀ ਤੋਂ ਇਕ ਹੀ ਹਨ ਅਤੇ ਇਹਨਾਂ ਤਿੰਨਾਂ ਵਾਸਤੇ ਰਸਤਾ ਵੀ ਇਕ ਹੀ ਹੈ। ਮਨ ਦੇ ਫਲਸਫੇ ਦਾ ਸਿੱਖ ਪ੍ਰਸੰਗ ਤੀਜੇ ਪਾਤਸ਼ਾਹ ਹਜ਼ੂਰ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਨਿਰੰਤਰਤਾ ਵਿਚ ਇਸ ਪ੍ਰਕਾਰ ਹੈ ਕਿ ਮਨ ਦੇ ਜੋਤਿ-ਸਰੂਪੀ ਮਾਧਿਅਮ ਰਾਹੀਂ ਅਕਾਲ ਪੁਰਖ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈਂ:

*ਮਨ ਤੂੰ ਜੋਤਿ ਸਰੂਪੁ ਹੈਂ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੇ ਨਾਲਿ ਹੈ ਗੁਰਮਤੀ ਰੰਗੁ ਮਾਣੁ॥*
*ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥*
*ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥*
*ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥*
*ਇਉਂ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈਂ ਅਪਣਾ ਮੂਲੁ ਪਛਾਣੁ॥*

(ਅੰਗ ੪੪੧)

ਇਸ ਨੂੰ ਹੋਰ ਵੀ ਚੰਗੀ ਤਰ੍ਹਾਂ ਸਮਝਣ ਲਈ *‘‘ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥* (ਅੰਗ 921)’’ ਨਾਲ ਰਲਾਕੇ ਵੀ ਵੇਖਣ ਦੀ ਲੋੜ ਹੈ। ਇਸੇ ਨੂੰ ਨਾਨਕ ਹਜ਼ੂਰ ਨੇ ਸ੍ਰੀ ਰਾਗ ਦੇ ਪਹਿਲੇ ਹੀ ਸ਼ਬਦ ਵਿਚੋਂ *‘‘ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ (ਅੰਗ ੧੪)’’* ਦੇ ਹਵਾਲੇ ਨਾਲ ਦੱਸ ਦਿਤਾ ਹੈ ਕਿ ਮਨ ਦੇ ਤਲਿੱਸਮੀ-ਸੁਭਾ ਨੂੰ ਸੋਧਣ ਦੀਆਂ ਸੰਭਾਵਨਾਵਾਂ ਦਾ ਨਾਮ ਅਧਿਆਤਮਿਕਤਾ ਹੈ ਅਤੇ ਇਸ ਨੂੰ ਸਮਝਣ ਦਾ ਨਾਮ ਫ਼ਿਲਾਸਫ਼ੀ ਹੈ। ਸੋ ਕਹਿ ਸਕਦੇ ਹਾਂ ਕਿ ਸਮਝਣ ਦੀ ਬਿਬੇਕੀ-ਜੁਗਤਿ ਹੀ ਫ਼ਿਲਾਸਫੀ

ਹੈ। ਏਸੇ ਕਰਕੇ ਮੈਂ ਵੀ ਨਾਨਕ-ਫਲਸਫੇ ਨੂੰ ਨਾਨਕ-ਅਧਿਆਤਮਿਕਤਾ ਰਾਹੀਂ ਸਮਝਣ ਅਤੇ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਨਾਨਕ-ਫਲਸਫੇ ਦਾ ਆਧਾਰ-ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ ਅਤੇ ਇਸ ਧਰਮ ਗ੍ਰੰਥ ਨੂੰ "ਗੁਰੂ ਮਾਨਿਓ ਗ੍ਰੰਥ" ਦੇ ਗੁਰੂ-ਹੁਕਮ ਅਨੁਸਾਰ ਸੰਸਾਰ ਦੇ ਧਰਮ-ਗ੍ਰੰਥਾਂ ਵਿਚਕਾਰ ਸ਼ਬਦ-ਗੁਰੂ "ਜਾਗਤ-ਜੋਤਿ ਅਤੇ ਜ਼ਾਹਰਾ-ਜ਼ਹੂਰ ਸਰੂਪ" ਵਜੋਂ ਆਪਣੀ ਕਿਸਮ ਦਾ ਆਪ ਹੀ ਧਰਮ-ਗ੍ਰੰਥ ਹੋਣ ਦੀ ਵਿਲੱਖਣਤਾ ਪ੍ਰਾਪਤ ਹੈ। ਇਸ ਵਿਲੱਖਣਤਾ ਵਿਚ ਅਧਿਆਤਮ, ਫਲਸਫਾ ਅਤੇ ਥੀਆਲੋਜੀ ਨਾਲ ਸਬੰਧਤ ਪਲੂਰਲ-ਸਰੋਕਾਰ ਨਿਹਿਤ ਹਨ ਕਿਉਂਕਿ ਕੌਮੀ ਧਾਰਮਿਕ-ਗ੍ਰੰਥ ਹੋਣ ਦੇ ਨਾਲ ਨਾਲ, ਇਸ ਵਿਚ "ਜਗਤ ਜਲੰਦੇ" ਦੀਆਂ ਚੁਣੌਤੀਆਂ ਦੇ ਸਨਮੁਖ ਰਹਿਣ ਨੂੰ ਮੂਲ ਸਰੋਕਾਰਾਂ ਵਿਚ ਸ਼ਾਮਲ ਕੀਤਾ ਹੋਇਆ ਹੈ। ਗੁਰਬਾਣੀ ਵਿਚ ਪ੍ਰਾਪਤ ਵਿਸ਼ਵਾਰਥੀ-ਸਰੋਕਾਰਾਂ ਦੀ ਗੱਲ ਕਰਨ ਲਗਿਆਂ ਇਹ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ ਕਿ ਇਸ ਵੇਲੇ ਵਿਸ਼ਵਾਰਥੀ-ਸਰੋਕਾਰਾਂ ਦੀ ਗਲ ਕਰਨੀ ਜਿੰਨੀ ਸੌਖੀ ਲੱਗਣ ਲੱਗ ਪਈ ਹੈ, ਇਹ ਉਸ ਵੇਲੇ ਏਨੀ ਸੌਖੀ ਨਹੀਂ ਸੀ, ਜਦੋਂ ਬਾਣੀਕਾਰਾਂ ਵਲੋਂ (1499-1708) ਇਹਨਾਂ ਹਵਾਲੇ ਵਿਚਲੇ ਵਿਸ਼ਵਾਰਥੀ-ਸਰੋਕਾਰਾਂ ਦੀ ਆਧਾਰ-ਨਿਸ਼ਾਨਦੇਹੀ ਅਤੇ ਅਮਲੀ-ਪ੍ਰਸੰਗਕਤਾ ਸਥਾਪਤ ਕੀਤੀ ਜਾ ਰਹੀ ਸੀ। ਮਾਨਵ-ਮਾਨਸਿਕਤਾ ਦੇ ਮੂਲ ਆਧਾਰ, ਸਰੀਰ, ਮਨ, ਮਾਦਾ ਅਤੇ ਸਪਿਰਟ ਤਾਂ ਸਦਾ ਹੀ ਸਨ। ਪਰ ਇਹਨਾਂ ਨੂੰ ਅਮਲ ਵਿਚ ਅਨੁਵਾਦਨ ਵਾਸਤੇ ਲੋੜੀਂਦੀਆਂ ਜੁਗਤਾਂ, ਅਧਿਆਤਮਿਕ-ਸਾਹਿਤ ਵਿਚ ਨਿਹਿਤ ਹੋਣ ਦੇ ਬਾਵਜੂਦ, ਆਮ ਆਦਮੀ ਦੇ ਵਰਤਾਰੇ ਦਾ ਹਿੱਸਾ ਨਹੀਂ ਬਣ ਪਾ ਰਹੀਆਂ ਸਨ। ਮਿਸਾਲ ਦੇ ਤੌਰ ਤੇ ਭਾਰਤੀ ਧਰਮ-ਸ਼ਾਸ਼ਤ੍ਰ ਦਾ ਪਲੂਰਲ-ਮੰਤ੍ਰ 'ਸਾਰੀ ਦੁਨੀਆਂ ਇਕ ਪਰਿਵਾਰ ਹੈ' (ਵਾਸੁਦੈਵਾ ਕਟੁੰਬਕਮ) ਸਿਧਾਂਤ ਰੂਪ ਵਿਚ ਕਾਇਮ ਸੀ। ਪਰ ਇਸ ਦੇ ਮੂਲ ਮੁਦਈਆਂ ਵਲੋਂ ਹੀ, ਜਾਤੀ ਪ੍ਰਥਾ 'ਤੇ ਆਧਾਰਤ ਨਿਯਮਾਂ ਅਧੀਨ ਜੀਵੀ ਜਾ ਰਹੀ ਜ਼ਿੰਦਗੀ ਰਾਹੀਂ, ਇਸ ਪਲੂਰਲ-ਮੰਤ੍ਰ ਨੂੰ ਲਗਾਤਾਰ ਝੁਠਲਾਇਆ ਜਾ ਰਿਹਾ ਸੀ ਅਤੇ ਅੱਜ ਤਕ ਵੀ ਇਹੀ ਚਲੀ ਜਾ ਰਿਹਾ ਹੈ। ਇਹੋ ਜਿਹਾ ਵਰਤਾਰਾ ਉਸ ਹਾਲਤ ਵਿਚ ਹੀ ਵਾਪਰ ਸਕਦਾ ਹੈ, ਜਦੋਂ ਸਿਧਾਂਤ ਅਤੇ ਅਮਲ ਵਿਚਲੇ ਪਾੜੇ ਦਾ ਸਮਰਥਨ, ਸਬੰਧਤ ਧਰਮ ਦੇ ਪਵਿਤਰ-ਗ੍ਰੰਥਾਂ ਵਿਚੋਂ ਹੋ ਸਕਦਾ ਹੋਵੇ। ਇਸ ਪਵਿੱਤਰ-ਪਰਵਾਨਗੀ ਦੀ ਆੜ ਵਿਚ ਵਿਸ਼ਵਾਰਥੀ ਸਰੋਕਾਰਾਂ ਲਈ ਲੋੜੀਂਦੇ ਵੈਲੀਊ-ਕਲਚਰ ਨੂੰ ਰੌਂਦਣਾ, ਕਿਸੇ ਵਾਸਤੇ ਵੀ ਸੌਖਾ ਹੋ ਜਾਂਦਾ ਹੈ। ਕੋਈ ਵੀ ਧਰਮ, ਵਿਅਕਤੀ ਵਲੋਂ ਵਿਚਲਤ ਕੀਤੇ ਜਾ ਸਕਣ ਦਾ ਬੇਸ਼ੱਕ ਮੁਥਾਜ ਨਹੀਂ ਹੁੰਦਾ। ਏਸੇ ਕਰਕੇ ਕਿਸੇ ਵੀ ਧਰਮ ਨੂੰ ਉਸ ਧਰਮ ਨਾਲ ਸਬੰਧਤ ਇਕਹਿਰੇ ਟੱਬਰ ਜਾਂ ਭਾਈਚਾਰੇ ਵੀ ਛੇਤੀ ਕੀਤਿਆਂ ਫੇਲ਼ ਨਹੀਂ ਕਰ ਸਕਦੇ। ਧਰਮ ਦਾ ਰਾਹ ਤਾਂ ਉਦੋਂ ਹੀ ਰੁਕਣਾ ਸ਼ੁਰੂ ਹੁੰਦਾ ਹੈ, ਜਦੋਂ ਕਿਸੇ ਵੀ ਕਾਰਣ, ਮਹਿਕੂਮ ਹੀ ਹਾਕਮ ਦਾ ਸਾਥ ਦੇਣ ਲਗ ਪੈਂਦਾ ਹੈ। ਅਜਿਹਾ ਉਦੋਂ ਵਾਪਰਦਾ ਹੈ, ਜਦੋਂ ਧਰਮ ਨੂੰ ਪਲੂਰਲ ਅਤੇ ਪਰੋਗਰੈਸਿਵ ਦਿਸ਼ਾਵਾਂ ਵਲ ਤੁਰਨ ਤੋਂ ਰੋਕ ਲਿਆ ਜਾਂਦਾ ਹੈ। ਅਜਿਹੀ ਰੁਕਾਵਟ, ਧਰਮ ਜਾਂ ਧਰਮ ਦੇ ਹਮਾਇਤੀਆਂ ਵਲੋਂ ਹੀ ਖੜੀ ਕੀਤੀ ਜਾ ਰਹੀ ਹੋਵੇ ਤਾਂ ਧਰਮ ਦੇ ਸਥਾਨਕ-ਸਰੋਕਾਰ ਵੀ ਗੁਆਚਣ ਲਗ ਪੈਂਦੇ ਹਨ। ਇਸ ਰੁਕਾਵਟ ਵਾਸਤੇ ਸਬੰਧਤ ਧਰਮ ਦੀ ਬਹੁਸੰਮਤੀ ਨੂੰ ਅਗਿਆਨ ਕਲਪਿਤ-ਬੰਧਨਾਂ ਅਤੇ ਭਰਮ-ਮੂਲਕ ਕਰਮਾਂ ਵਲ ਧੱਕ ਦੇਣ ਦਾ ਅਵਸਰ, ਹੈਜਮੋਨਿਕ ਮਾਈਕਰੋਸਕੋਪਿਕ ਮਨਿਆਰਿਟੀ ਨੂੰ ਮਿਲ ਜਾਂਦਾ ਹੈ। ਏਸੇ ਕਰਕੇ ਸਿੱਖ ਧਰਮ ਵਿਚ ਕਿਸੇ ਵੀ ਪਦਵੀ ਦੇ ਅਧਿਕਾਰ ਵਾਲੀ ਧਾਰਮਿਕ-ਸ਼੍ਰੇਣੀ ਨੂੰ ਮਾਨਤਾ ਨਹੀਂ ਦਿੱਤੀ ਗਈ। ਜਨਮ ਤੋਂ ਪਵਿਤਰਤਾ ਪ੍ਰਾਪਤ ਕਰ ਲੈਣ ਦਾ ਅਧਿਕਾਰ ਵੀ ਸਿੱਖ ਧਰਮ ਵਿਚ ਕਿਸੇ ਨੂੰ ਪ੍ਰਾਪਤ ਨਹੀਂ ਹੈ। ਇਹ ਸਾਰਾ ਕੁਝ ਸਿਧਾਂਤ ਰੂਪ ਵਿਚ ਬਾਣੀ-ਆਧਾਰਤ ਹੈ ਅਤੇ ਅਮਲੀ ਰੂਪ ਵਿਚ ਸੰਗਤੀ-ਜੁਗਤਿ ਅਨੁਸਾਰ ਢਾਲਿਆ ਹੋਇਆ ਵੀ ਪ੍ਰਾਪਤ ਹੈ। ਸਿਧਾਂਤ ਰੂਪ ਵਿਚ, ਵਿਸ਼ਵਾਰਥੀ-ਸਰੋਕਾਰਾਂ ਦਾ ਆਧਾਰ-ਪ੍ਰਗਟਾਵਾ, ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚੋਂ ਵੀ ਸਮਝਿਆ ਜਾ ਸਕਦਾ ਹੈ। ਧਾਰਮਿਕ ਸਾਧਨਾਂ ਦੀਆਂ ਪ੍ਰਾਪਤ ਚਾਰ ਵਿਧੀਆਂ, ਤੀਰਥਾਂ 'ਤੇ ਇਸ਼ਨਾਨ ਕਰਨ ਦੀ ਵਿਧੀ (ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ), ਮੌਨ-ਸਾਧਨਾ ਦੀ ਵਿਧੀ (ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ), ਦੇਹੀ ਦੁਖ ਦੀ ਕਰੜੀ ਸਾਧਨਾ-ਵਿਧੀ (ਭੁਖਿਆਂ ਭੁਖ ਨ ਉਤਰੀ ਜੇ ਬੰਨਾ ਪੁਰੀਆਂ ਭਾਰ), ਅਤੇ ਗਿਆਨ ਦੀ ਵਿਧੀ (ਸਹਸ ਸਿਆਣਪਾਂ ਲਖ ਹੋਹਿ ਤ ਇਕ ਨ ਚਲੈ ਨਾਲਿ), ਦੀ ਸਾਰਥਕਤਾ ਤੇ ਇਸ ਲਈ ਕਿੰਤੂ ਕੀਤਾ ਹੋਇਆ ਹੈ ਕਿਉਂਕਿ ਇਸ ਨਾਲ ਆਮ ਆਦਮੀ ਲਈ ਮੁਕਤ-ਮਾਰਗ ਸਥਾਪਤ ਨਹੀਂ ਹੁੰਦਾ। ਕਿੰਤੂ ਵਿਚੋਂ ਹੀ ਪ੍ਰਸ਼ਨ ਪੈਦਾ ਕੀਤਾ ਹੋਇਆ ਹੈ ਕਿ ਫਿਰ ਇਹ ਕੂੜ ਦੀ ਕੰਧ ਕਿਵੇਂ ਢਾਈ ਜਾ ਸਕਦੀ ਹੈ? (ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ)। ਉਤਰ, ਸਪਸ਼ਟ ਅਤੇ ਸੰਖੇਪ ਹੈ ਕਿ 'ਹੁਕਮ' (ਸਿਧਾਂਤ) ਅਤੇ 'ਰਜ਼ਾ' (ਅਮਲ) ਦੇ ਸਹਿਜ-ਸੰਤੁਲਨ ਵਿਚ ਚਲਣ ਨਾਲ ਇਹ ਕੂੜ ਦੀ ਕੰਧ ਢਹਿ ਸਕਦੀ ਹੈ (ਹੁਕਮਿ ਰਜਾਈ ਚਲਣਾ


www.sanvad.org
ISSN : 2395-1273

ਨਾਨਕ ਲਿਖਿਆ ਨਾਲਿ)। ਇਹ ਕਿਸੇ ਵੀ ਰੰਗ ਦੇ ਧਾਰਮਿਕ-ਜਗਿਆਸੂ ਵਲੋਂ ਵਰਤੋਂ ਵਿਚ ਲਿਆਂਦਾ ਜਾ ਸਕਣ ਵਾਲਾ ਸਿਧਾਂਤ ਹੈ। ਇਥੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੀ-ਸਰੋਕਾਰਾਂ ਦੀ ਗੱਲ ਸ਼ੁਰੂ ਕੀਤੀ ਜਾ ਸਕਦੀ ਹੈ।

ਇਹ ਗੱਲ ਵੀ ਮੁੱਢ ਵਿਚ ਹੀ ਮੰਨ ਲੈਣੀ ਚਾਹੀਦੀ ਹੈ ਕਿ ਸਿੱਖ ਧਰਮ ਦੇ ਵਹਿਣ ਦੇ ਦੋ ਕੰਢੇ, ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਅਤੇ ਪੰਥ (ਗੁਰੂ ਖਾਲਸਾ ਪੰਥ) ਹਨ। ਦੋਹਾਂ ਦੇ ਸਹਿਜ-ਸੰਜੋਗ ਅਤੇ ਪਰਸਪਰ-ਸਹਿਯੋਗੀ-ਸੰਤੁਲਨ ਨੂੰ ਹੀ ਸਿੱਖ-ਚੜ੍ਹਦੀ ਕਲਾ, ਖਾਲਸਾ ਜੀ ਦੇ ਬੋਲ ਬਾਲੇ ਅਤੇ ਰਾਜ ਕਰੇਗਾ ਖਾਲਸਾ ਵਜੋਂ ਵੀ ਸਮਝਿਆ ਸਮਝਾਇਆ ਜਾਂਦਾ ਰਿਹਾ ਹੈ। ਗੁਰਮਤਿ ਦੇ ਫਲਸਫੀ-ਪ੍ਰਸੰਗ ਦੀ ਗੱਲ ਕਰਨ ਲਗਿਆਂ, ਇਹੋ ਗਲਾਂ ਕਈ ਵਾਰ ਐਥੇਨਿਕ-ਸੀਮਾਵਾਂ ਅਤੇ ਭੂਗੋਲਿਕ-ਹੱਦਬੰਦੀਆਂ ਦੀ ਜਕੜ ਵਿਚ ਸੁੰਗੜਦੀਆਂ ਹੋਈਆਂ ਵੀ ਨਜ਼ਰ ਆਉਣ ਕਰਕੇ ਸਿੱਖ-ਫਲਸਫੇ ਦੀ ਸਥਾਪਤੀ ਦਾ ਰਾਹ ਰੋਕਦੀਆਂ ਰਹੀਆਂ ਹਨ। ਇਸ ਨਾਲ ਇਉਂ ਲੱਗਣ ਲਗ ਪੈਂਦਾ ਰਿਹਾ ਹੈ ਕਿ ਸਿੱਖ ਧਰਮ-ਚਿੰਤਨ ਵੀ ਬਾਕੀ ਧਰਮ-ਚਿੰਤਨਾ ਵਾਂਗ ਸਿਧਾਂਤ ਅਤੇ ਅਮਲ ਦੇ ਤਨਾਉ ਵਲ ਵਧਣ ਲਗ ਪਿਆ ਹੈ। ਇਹ ਗੱਲ ਉਸ ਵੇਲੇ ਹੋਰ ਵੀ ਚੁਭਣ ਲਗ ਪੈਂਦੀ ਰਹੀ ਹੈ, ਜਦੋਂ ਸਾਹਮਣੇ ਇਹ ਨਜ਼ਰ ਆਉਣ ਲਗ ਪੈਂਦਾ ਰਿਹਾ ਹੈ ਕਿ ਸਿੱਖਾਂ ਨੇ ਸਿੱਖ ਦੇ ਤੌਰ ਤੇ ਤਾਂ ਦੁਨੀਆਂ ਭਰ ਕੋਲੋਂ ਆਪਣੀ ਸਮਰਥਾ ਅਤੇ ਸਿਦਕ ਦਾ ਸਿੱਕਾ ਮੰਨਵਾ ਲਿਆ ਹੈ। ਪਰ ਭਾਈਚਾਰਕ ਤੌਰ ਤੇ ਬਹੁਤੀ ਵਾਰ ਫੇਲ ਹੀ ਹੋਏ ਹਨ। ਇਸ ਤੋਂ ਤਾਂ ਨਤੀਜਾ ਇਹੀ ਨਿਕਲਦਾ ਨਜ਼ਰ ਆਉਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ, ਬਾਣੀ-ਮੂਲਕ ਗੁੜ੍ਹਤੀ ਨਾਲ ਅਰਥਾਤ ਸਿੱਖਾਂ ਦੇ ਖੂਨ ਵਿਚ ਰਮ ਗਈ ਬਾਣੀ ਦੀ ਭਾਵਨਾ ਨਾਲ ਤਾਂ ਸਿੱਖਾਂ ਨੂੰ ਸਫਲਤਾਵਾਂ ਹੀ ਸਫਲਤਾਵਾਂ ਪ੍ਰਾਪਤ ਹੋਈਆਂ ਹਨ। ਪਰ ਇਸੇ ਭਾਵਨਾ ਨੂੰ ਫਲਸਫੀ-ਰੰਗ ਵਿਚ ਪ੍ਰਗਟ ਕਰਨ ਲਗਿਆਂ, ਸਿੱਖ ਅਸਫਲ ਹੋਏ ਵੀ ਹਨ ਅਤੇ ਹੋ ਵੀ ਰਹੇ ਹਨ।

ਫਲਸਫੀ-ਸਰੋਕਾਰਾਂ ਦੀ ਗੱਲ ਦੁਨੀਆਂ ਭਰ ਵਿਚ ਹੁੰਦੀ ਰਹੀ ਹੈ ਅਤੇ ਹੁੰਦੀ ਵੀ ਰਹਿਣੀ ਹੈ। ਪਰ ਸਾਰੇ ਹੀ ਮਾਨਵੀ-ਭਾਈਚਾਰਿਆਂ ਨੂੰ ਇਸ ਦੀ ਸਮਝ ਆਪੋ ਆਪਣੇ ਸਭਿਆਚਾਰਕ-ਮੁਹਾਵਰੇ ਹੀ ਆਉਂਦੀ ਰਹੀ ਹੈ। ਵਰਤਮਾਨ ਵਿਚ ਇਕ ਦੂਜੇ ਦੇ ਸਭਿਆਚਾਰਕ-ਮੁਹਾਵਰੇ ਨੂੰ ਸਮਝਣ ਵਾਸਤੇ ਗਿਆਨ ਵਿਗਿਆਨ ਦੀਆਂ ਪ੍ਰਾਪਤ ਅੰਤ੍ਰਦ੍ਰਿਸ਼ਟੀਆਂ ਨੇ ਬਹੁਤ ਸਹਾਇਤਾ ਕੀਤੀ ਹੈ। ਹੁਣ ਇਹ ਸਮਝਣਾ ਸੁਖਾਲਾ ਹੋ ਗਿਆ ਹੈ ਕਿ ਸਿਹਤਮੰਦ ਸਮਾਜ ਦੀ ਸਿਰਜਣਾ ਵਾਸਤੇ ਆਪਣੇ ਵਾਂਗ ਹੀ, ਦੂਸਰਿਆਂ ਦੇ ਦੂਸਰੇਪਨ ਨੂੰ ਮਾਨਤਾ ਦੇਣਾ, ਮਾਨਵੀ-ਵਰਤਾਰੇ ਦਾ ਮੂਲ ਸਰੋਕਾਰ ਹੋਣਾ ਚਾਹੀਦਾ ਹੈ। ਇਸ ਦੀ ਸਿਧਾਂਤਕ-ਧਰਾਤਲ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਪ੍ਰਾਪਤ ਹੈ ਕਿ ਗੁਰਬਾਣੀ ਦੀ ਅਗਵਾਈ ਵਿਚ ਅਜਿਹੀ ਸੁਮੱਤ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਸ ਨਾਲ ਈਰਖਾਲੂ-ਸਰੋਕਾਰ ਕਮਜ਼ੋਰ ਹੋਣ ਲਗਦੇ ਹਨ ਅਤੇ ਦੂਸਰਿਆਂ ਦੇ ਦੂਸਰੇਪਨ ਦੀ ਸਮਝ ਪਰਪੱਕ ਹੋਣ ਲਗ ਪੈਂਦੀ ਹੈ:

*ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ ਰਹਾਉ॥*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥*
*ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥੨॥*
*ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥*

(ਕਾਨੜਾ ਮਹਲਾ ੫, ੧੨੯੯)

ਧਾਰਮਿਕ ਭਰਾਤ੍ਰੀਭਾਵ 'ਤੇ ਆਧਾਰਤ ਭਾਈਚਾਰੇ ਨੂੰ ਸਮਕਾਲੀ ਲੋੜ ਵਜੋਂ ਉਸਾਰਨ ਦੀ ਵਿਸ਼ਵਾਰਥੀ-ਵਿਧੀ ਗੁਰਬਾਣੀ ਦੇ ਮੂਲ ਸਰੋਕਾਰਾਂ ਵਿਚ ਸ਼ਾਮਲ ਹੈ। ਇਸ ਦਾ ਇਤਿਹਾਸ ਵਿਚ ਪ੍ਰਗਟਾਵਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨਾਲ ਜਿਸ ਤਰ੍ਹਾਂ ਸਾਹਮਣੇ ਆ ਚੁਕਾ ਹੈ, ਉਸ ਨਾਲ ਦੂਸਰੇ ਦੇ ਦੂਸਰੇਪਨ ਦੇ ਬਿਰਦ ਦੀ ਪਾਲਣਾ ਸਾਹਮਣੇ ਆ ਜਾਂਦੀ ਹੈ। ਇਸ ਨਾਲ ਸਮਕਾਲੀ ਧਰਮਾਂ ਵਿਚ ਪ੍ਰਾਪਤ ਏਕਾ-ਕੇਂਦਰਤ ਈਸ਼ਵਰੀ-ਵਿਧਾਨ ਤੋਂ ਮੁਕਤ ਹੋ ਸਕਣ ਵਾਸਤੇ, ਸਿੱਖ ਪ੍ਰਸੰਗ ਵਿਚ ਲੋੜੀਂਦਾ ਸ਼ਬਦ-ਮਾਡਲ ਸਾਹਮਣੇ ਆ ਜਾਂਦਾ ਹੈ, ਜਿਸ ਨਾਲ ਬੰਦੇ ਦੀ ਸਿਰਦਾਰੀ ਦੀ ਥਾਂ ਤੇ ਸਿਧਾਂਤ ਅਰਥਾਤ ਫਲਸਫੇ ਦੀ ਸਿਰਦਾਰੀ ਅਤੇ ਧਰਮ ਦੀ ਥਾਂ ਅਧਿਆਤਮਿਕਤਾ ਦੀ ਸਿਰਦਾਰੀ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ।

ਗੁਰਬਾਣੀ ਦੇ ਫ਼ਿਲਾਸਫੀ-ਸਰੋਕਾਰਾਂ ਨੂੰ ਸਮਝਣ ਵਾਸਤੇ ਇਹ ਦੋ ਪੱਖ ਸਹਾਇਤਾ ਕਰ ਸਕਦੇ ਹਨ:

ੳ. ਸਿੱਖ- ਸਿਧਾਂਤ ਦਾ ਅਮਲ ਅਰਥਾਤ ਪੰਥ

ਅ. ਸਿੱਖ-ਅਮਲ ਦਾ ਸਿਧਾਂਤ ਅਰਥਾਤ ਗ੍ਰੰਥ

ਜਿੰਨੇ ਕਿੰਤੂ-ਪ੍ਰੰਤੂ ਹਨ, ਉਹ ਸਿੱਖ-ਸਿਧਾਂਤ ਦੇ ਅਮਲ ਬਾਰੇ ਹਨ ਅਤੇ ਜਿੰਨੀਆਂ ਫਖਰਯੋਗ ਪ੍ਰਾਪਤੀਆਂ

ਹਨ, ਉਹ ਸਿੱਖ-ਅਮਲ ਦੇ ਸਿਧਾਂਤ ਬਾਰੇ ਹਨ। ਦੋਹਾਂ ਦੇ ਪ੍ਰਾਪਤ-ਤਨਾਉ ਵਿਚੋਂ ਸਾਰੀਆਂ ਸਿੱਖ-ਚੁਣੌਤੀਆਂ ਪੈਦਾ ਹੋਈਆਂ ਹਨ। ਇਹਨਾਂ ਦੀ ਸਥਾਪਨਾ ਅਤੇ ਵਿਸਥਾਪਨਾ ਨੂੰ ਹੀ ਇਸ ਪਰਚੇ ਰਾਹੀਂ ਵੀਚਾਰਿਆ ਜਾ ਰਿਹਾ ਹੈ।

ਮਿਸਾਲ ਦੇ ਤੌਰ 'ਤੇ ਇਕ ਵਡੇ ਚਿੰਤਕ ਬਾਰੇ ਇਕ ਵਿਦਵਾਨ ਨੇ ਗੱਲ ਕਰਨ ਲਗਿਆਂ, ਇਕ ਨਾਵਲ ਵਿਚੋਂ ਹਵਾਲਾ ਦੇ ਕੇ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜਦੋਂ ਮਨੁੱਖ ਉਚੀ ਬੋਲਦਾ ਹੈ ਜਾਂ ਦਬਕਾ ਮਾਰਦਾ ਹੈ ਤਾਂ ਉਸ ਦੀ ਭਾਸ਼ਾ ਨੂੰ ਜਾਨਵਰ ਵੀ ਸਮਝ ਜਾਂਦੇ ਹਨ। ਕਾਰਨ ਇਹ ਹੈ ਕਿ ਉਸ ਵੇਲੇ ਉਹ ਕੋਈ ਪਤੇ ਦੀ ਗੱਲ ਨਹੀਂ ਕਰ ਰਿਹਾ ਹੁੰਦਾ। ਜਿਵੇਂ ਚਾਹੀਏ, ਉਵੇਂ ਬੋਲਣ ਨਾਲ ਜੋ ਨਹੀਂ ਹੁੰਦਾ, ਉਹ ਹੋ ਜਾਂਦਾ ਹੈ ਅਤੇ ਜੋ ਹੁੰਦਾ ਹੈ, ਉਹ ਨਹੀਂ ਹੁੰਦਾ। ਜਿਸ ਦਾ ਬੰਦਾ ਨਾਮਕਰਣ ਕਰ ਲੈਂਦੈ, ਉਸ ਨੂੰ ਭੁੱਲਣਾ ਸ਼ੁਰੂ ਹੋ ਜਾਂਦੈ ਕਿਉਂਕਿ ਉਹ ਕੇਵਲ ਉਸ ਨੂੰ ਸੁਣਦਾ ਹੀ ਹੈ, ਵੇਖਦਾ ਨਹੀਂ ਹੈ[2]। ਇਹੋ ਜਿਹੇ ਬੰਦੇ ਵਾਸਤੇ ਦੁਨੀਆਂ ਦੀਆਂ ਸਾਰੀਆਂ ਚੀਜ਼ਾਂ ਦੂਜਿਆਂ ਨਾਲ ਜਾਂ ਆਪਣੇ ਆਪ ਨਾਲ ਗੱਲ ਕਰਣ ਵਾਸਤੇ ਹੀ ਹੁੰਦੀਆਂ ਹਨ।

ਸਿੱਖ ਧਰਮ-ਦਰਸ਼ਨ ਦੇ ਅਧਿਆਤਮਿਕ-ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ ਅਤੇ ਉਹਨਾਂ ਦੇ ਆਧਾਰ ਤੇ ਸਿੱਖ-ਫਲਸਫੇ ਦੀ ਉਸ ਤਰ੍ਹਾਂ ਉਸਾਰੀ ਕੀਤੇ ਜਾਣ ਦੀ ਲੋੜ ਹੈ, ਜਿਸ ਤਰ੍ਹਾਂ ਬਾਕੀ ਧਰਮ-ਚਿੰਤਨਾਂ ਨੇ ਕੀਤੀ ਹੋਈ ਹੈ। ਸੰਖੇਪ ਵਿਚ ਕਹਿਣਾ ਚਾਹੁੰਦਾ ਹਾਂ ਕਿ ਸਿੱਖ ਧਰਮ ਇਕ ਪਾਸੇ ਵਰਤਮਾਨ ਦਾ ਧਰਮ ਹੈ ਅਤੇ ਦੂਜੇ ਪਾਸੇ ਆਮ ਆਦਮੀ ਦਾ ਧਰਮ ਹੈ। ਇਨ੍ਹਾਂ ਦੋਹਾਂ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਅਮਲ-ਮੂਲਕ ਸਿਧਾਂਤਕ-ਸਥਾਪਨਾਵਾਂ ਹੋ ਵੀ ਚੁਕੀਆਂ ਹਨ। ਮਿਸਾਲ ਦੇ ਤੌਰ ਤੇ ਨਾਮ ਜਪਣ, ਵੰਡ ਛਕਣ ਅਤੇ ਕਿਰਤ ਕਰਣ ਦੀ ਤ੍ਰਿਕੜੀ ਅਤੇ ਨਾਸ਼-ਮਾਡਲ (ਧਰਮ-ਨਾਸ਼, ਕਰਮ-ਨਾਸ਼, ਭਰਮ-ਨਾਸ਼ ਆਦਿ) ਫਲਸਫੀ-ਧਰਾਤਲ ਹੋ ਸਕਦੇ ਹਨ। ਇਸ ਤੋਂ ਇਹ ਅੰਦਾਜ਼ਾ ਲਗ ਜਾਂਦਾ ਹੈ ਕਿ ਫਲਸਫੀ-ਸਰੋਕਾਂਰਾਂ ਦੇ ਸ੍ਰੋਤ-ਆਧਾਰ ਉਸਾਰਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਲੋਂ ਨਿਭਾਈ ਗਈ ਭੂਮਿਕਾ ਦਾ ਪਿਛੋਕੜ, ਪਹੁੰਚ ਅਤੇ ਵਰਤਮਾਨ ਪ੍ਰਸੰਗਕਤਾ ਨੂੰ ਸਮਝਣ ਅਤੇ ਸਾਹਮਣੇ ਲਿਆਉਣ ਵਾਸਤੇ, ਪ੍ਰਸਾਵਿਤ ਸੰਬਾਦੀ ਚਰਚਾ, ਕਿਸ ਕਿਸਮ ਦੀ ਭੂਮਿਕਾ ਨਿਭਾਉਦੇ ਹਨ,ਇਸ ਦਾ ਪ੍ਰਗਟਾਵਾ ਕਿਸੇ ਨ ਕਿਸੇ ਰੂਪ ਵਿਚ ਸਿੱਖ ਦ੍ਰਿਸ਼ਟੀ ਤੋਂ ਹੁੰਦਾ ਰਿਹਾ ਹੈ। ਲੋੜ ਇਸ ਦੇ ਫਲਸਫੀ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਦੇ ਅਕਾਦਮਿਕ ਯਤਨ ਕੀਤੇ ਜਾਣ ਦੀ ਹੈ। ਇਸ ਪਾਸੇ ਅਜੇ ਅਸੀਂ ਤੁਰਨਾ ਹੈ? ਨਹੀਂ ਤੁਰਾਂਗੇ ਤਾਂ ਇਤਿਹਾਸ ਕੇਂਦਰਤ ਤਿਫਲ ਤਸੱਲੀਆਂ ਵਿਚ ਉਲਝਦੇ ਤੁਰੇ ਜਾਵਾਂਗੇ?

**ਹਵਾਲੇ:**

1. **Philosophy of Sikhism**, p.1
   "Religion is older than philosophy. It is the idealization of the finer aspect of the life that human beings at a particular time aspire to live. 'Religion must exist and rise up in the soul of man prior to finding expression in his words and deeds, customs and institutions."
2. Quoted in **"Super structuralism: The Philosophy of Structuralism and Post-Structuralism"** by Richard Harland, Methuen, London and New York, 1987
   "When a man howls or shouts or threatens, we animals understand him very well! Then his attention is not in that other world! But he barks in a way all his own- he speaks. And this has enabled him to invent what does not exist and to overlook what exists. As soon as he gives a thing a name he ceases to see the thing itself; he only hears the name that he gave it or see it written..... For him, everything in the world is merely a pretext for talking to other men or for talking to himself."
   (Funeral oration, by Orfeo the dog on Augusto the man, in Miguel De Unamuno's novel Mist.)

✧